5683
22/06/2021

**ਦਫਤਰ: ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਸ.ਅ.ਸ.ਨਗਰ।**
**(ਸੈਕੰਡਰੀ ਸਿਖਿਆ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ:/ਐ:ਸਿ:)
ਪੰਜਾਬ।

ਮੀਮੋ ਨੰਬਰ DPISE-SEDUORENM/37/2020-SECONDARY EDUCATION-DPISE /2021194867
ਮਿਤੀ:ਸ.ਅ.ਸ.ਨਗਰ, 21-6-21

ਵਿਸ਼ਾ:- ਸਕੂਲਾਂ ਦੇ ਨਾਂ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਂ ਤੇ ਰੱਖਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਦੇ ਨਾਂ ਰੱਖਣ ਸਬੰਧੀ ਕਾਰਵਾਈ ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਜਾਰੀ ਹੁਕਮ ਨੰਬਰ 12/ 93/ 97-7 ਰਭ/ ਮੈਮੋਰੀਅਲ/ 1389 ਮਿਤੀ 30 ਜੂਨ 1999 ਅਨੁਸਾਰ ਸਬੰਧਤ ਡਿਪਟੀ ਕਮਿਸ਼ਨਰ/ ਜਿਲ੍ਹਾ ਸਿਖਿਆ ਅਫਸਰਾਂ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਂਦੀ ਰਹੀ ਹੈ। ਅਜਿਹੇ ਸਕੂਲਾਂ ਦੇ ਨਾਂ ਸਕੂਲਾਂ ਦੇ ਐਂਟਰੇਸ ਗੇਟ ਤੇ ਤਾਂ ਲਿਖੇ ਹੋਏ ਹਨ ਪ੍ਰੰਤੂ ਸਰਕਾਰੀ ਰਿਕਾਰਡ ਜਿਵੇਂ ਕਿ ਪੰਜਾਬ ਸਕੂਲ ਸਿਖਿਆ ਬੋਰਡ ਜਾਂ ਖਜਾਨਾ ਦਫਤਰ ਵਿਖੇ ਦਰਜ ਨਹੀਂ ਹਨ।

3.0 ਅਜਿਹੇ ਸਕੂਲਾਂ ਵਿੱਚੋਂ ਕੁਝ ਸ਼ਹੀਦਾਂ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਵਿਭਾਗ ਨੂੰ ਪ੍ਰਤੀਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ ਕਿ ਸਰਕਾਰੀ ਰਿਕਾਰਡ ਵਿੱਚ ਵੀ ਇਹਨਾਂ ਸ਼ਹੀਦਾਂ ਦੇ ਨਾਂ ਦਰਜ ਕੀਤੇ ਜਾਣ।

4.0 ਸਕੂਲਾਂ ਦੇ ਨਾਂ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਂ ਤੇ ਰੱਖਣ ਸਬੰਧੀ ਵਿਭਾਗ ਵੱਲੋਂ ਪਾਲਿਸੀ ਤਿਆਰ ਕੀਤੀ ਹੈ। ਇਸ ਲਈ ਜਿਨ੍ਹਾਂ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਂ ਤੇ ਰੱਖੇ ਸਕੂਲਾਂ ਦੇ ਨਾਂ ਸਰਕਾਰੀ ਰਿਕਾਰਡ ਵਿੱਚ ਦਰਜ ਨਹੀਂ ਕੀਤੇ ਗਏ, ਅਜਿਹੇ ਸਕੂਲਾਂ ਦੇ ਨਾਂ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਂ ਤੇ ਬਰਕਰਾਰ ਰੱਖਣ ਲਈ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਨਾਲ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਵਿਭਾਗ ਦੀ ਮੌਜੂਦਾ ਪਾਲਿਸੀ ਅਨੁਸਾਰ ਕੇਸ ਆਨਲਾਈਨ ਪੋਰਟਲ ਤੇ ਅਪਲਾਈ ਕਰਨ ਤਾਂ ਜੋ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਂ ਤੇ ਰੱਖਣ ਸਬੰਧੀ ਮਹੀਨਾਵਾਰ ਹੋਣ ਵਾਲੀ ਮੀਟਿੰਗ ਵਿੱਚ ਇਹ ਕੇਸ ਵਿਚਾਰੇ ਜਾ ਸਕਣ।

5.0 ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹਾਇਕ ਡਾਇਰੈਕਟਰ (ਸੈ:ਸਿ:)

Scanned with CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿ) ਬਠਿੰਡਾ

ਪੱਤਰ ਨੰ: ਈ-1/1 ( ) 2021/1013 ਮਿਤੀ 05/07/21

ਉਪਰੋਕਤ ਪੱਤਰ ਦਾ ਉਤਾਰਾ ਜਿਲ੍ਹੇ ਦੇ ਸਮੂਹ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਹਦਾਇਤ ਅਨੁਸਾਰ ਕਾਰਵਾਈ ਕੀਤੀ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿ)
ਬਠਿੰਡਾ 05/7/21